Calgary

Stage 4

ਕੈਲਗਰੀ ਵਿੱਚ ਪਾਣੀ ਸੰਬੰਧੀ ਪਾਬੰਦੀਆਂ ਲਾਗੂ ਹਨ। ਕਿਰਪਾ ਕਰਕੇ ਪਾਣੀ ਬਚਾਓ।

4 ਨਵੰਬਰ ਤੋਂ ਲਾਗੂ

ਨਵਾਂ ਬੇਅਰਜ਼ਪੌ ਸਾਊਥ ਫੀਡਰ ਮੇਨ (Bearspaw South Feeder Main), ਸਾਡੇ ਵਧ ਰਹੇ ਸ਼ਹਿਰ ਲਈ ਇੱਕ ਮਜ਼ਬੂਤ, ਵਧੇਰੇ ਭਰੋਸੇਮੰਦ ਪਾਣੀ ਦੀ ਪ੍ਰਣਾਲੀ ਵੱਲ ਇੱਕ ਮਹੱਤਵਪੂਰਨ ਕਦਮ, ਇਸ ਦਸੰਬਰ ਵਿੱਚ ਚਾਲੂ ਹੋਣ ਦੀ ਰਾਹ 'ਤੇ ਹੈ।

ਪ੍ਰੋਜੈਕਟ ਦੇ ਇਨ੍ਹਾਂ ਅੰਤਿਮ ਪੜਾਵਾਂ ਵਿੱਚ ਸਹਾਇਤਾ ਲਈ, ਸਾਨੂੰ ਮੌਜੂਦਾ ਫੀਡਰ ਮੇਨ (ਮੁੱਖ ਪਾਈਪਲਾਈਨ) ਨੂੰ ਅਸਥਾਈ ਤੌਰ 'ਤੇ ਬੰਦ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਨਵੀਂ ਪਾਈਪ ਨੂੰ ਪਾਣੀ ਦੀ ਪ੍ਰਣਾਲੀ ਨਾਲ ਜੋੜ ਸਕੀਏ।

ਲਗਭਗ ਚਾਰ ਹਫ਼ਤਿਆਂ ਦੀ ਇਸ ਮਿਆਦ ਦੇ ਦੌਰਾਨ, ਘਰ ਦੇ ਬਾਹਰ ਪਾਣੀ ਦੀ ਵਰਤੋਂ 'ਤੇ ਪਾਬੰਦੀਆਂ ਅਤੇ ਘਰ ਦੇ ਅੰਦਰ ਪਾਣੀ ਬਚਾਉਣ ਦੀ ਲੋੜ ਹੈ। ਪਾਬੰਦੀਆਂ ਸਾਰੇ ਨਿਵਾਸੀਆਂ ਅਤੇ ਕਾਰੋਬਾਰਾਂ 'ਤੇ ਲਾਗੂ ਹੁੰਦੀਆਂ ਹਨ ਕਿਉਂਕਿ ਅਸੀਂ ਕੈਲਗਰੀ ਅਤੇ ਖੇਤਰ ਦੇ ਕੁਝ ਹਿੱਸਿਆਂ ਨੂੰ ਸਪਲਾਈ ਕਰਨ ਲਈ ਮੁੱਖ ਤੌਰ 'ਤੇ ਪਾਣੀ ਦੇ ਸਿਰਫ਼ ਇੱਕ ਟ੍ਰੀਟਮੈਂਟ ਪਲਾਂਟ 'ਤੇ ਨਿਰਭਰ ਕਰ ਹੇ ਹਾਂ।

ਪਾਣੀ ਦੀ ਬਾਹਰੀ ਵਰਤੋਂ ਦੀ
ਇਜਾਜ਼ਤ ਨਹੀਂ ਹੈ



ਡਿਸ਼ਵਾਸ਼ਰ ਅਤੇ ਲੌਂਡਰੀ ਉਦੋਂ ਹੀ ਚਲਾਓ
ਜਦੋਂ ਤੁਹਾਡੇ ਕੋਲ ਪੂਰੇ ਲੋਡ ਹੋਣ

ਸਿਰਫ਼ ਲੋੜ ਪੈਣ 'ਤੇ ਹੀ
ਫਲੱਸ਼ ਕਰੋ

ਘੱਟ ਦੇਰ ਲਈ ਸ਼ਾਵਰ ਲਓ।
3 ਮਿੰਟਾਂ ਦਾ ਟੀਚਾ ਰੱਖੋ

ਹਰ ਬੂੰਦ ਨੂੰ ਮਹੱਤਵਪੂਰਨ ਬਣਾਉਣ ਲਈ ਧੰਨਵਾਦ। **calgary.ca/savewater** 'ਤੇ ਹੋਰ ਜਾਣੋ।

26-007064 - CRV-5093